# ਪਾਇਰਾਜ਼ਿਨਾਮਾਈਡ
# (ਪੀ ਜ਼ੈਡ ਏ)
# Pyrazinamide
# (PZA)




Punjabi

## ਟੀ ਬੀ ਦੀ ਦਵਾਈ ਲੈਣ ਬਾਰੇ ਰੋਗੀ ਲਈ ਨਿਰਦੇਸ਼ਨ ਪੱਤਰ

### ਪਾਇਰਾਜ਼ਿਨਾਮਾਈਡ ਕੀ ਹੈ?

ਪਾਇਰਾਜ਼ਿਨਾਮਾਈਡ (ਪੀ ਜ਼ੈਡ ਏ) ਤਪਦਿਕ (ਟੀ ਬੀ) ਦੇ ਇਲਾਜ ਲਈ ਇਕ ਐਂਟੀਬਾਇਟਿਕ ਦਵਾਈ ਹੈ। ਇਸ ਦੀ ਵਰਤੋਂ ਦੇ ਦੋ ਢੰਗ ਹਨ:

1. ਗੈਰ ਸਰਗਰਮ (ਛੁਪੀ ਹੋਈ) ਟੀ ਬੀ ਦੇ ਇਲਾਜ ਲਈ
2. ਟੀ ਬੀ ਦੇ ਇਲਾਜ ਲਈ (ਜਦੋਂ ਇਹ ਹੋਰ ਦਵਾਈਆਂ ਨਾਲ ਮਿਲਾਕੇ ਲਈ ਜਾਏ)

ਟੀ ਬੀ ਦੇ ਕੀਟਾਣੂ ਬਹੁਤ ਸਖਤਜਾਨ ਹੁੰਦੇ ਹਨ ਜਿਨ੍ਹਾਂ ਤੋਂ ਛੁਟਕਾਰਾ ਬਹੁਤ ਔਖਾ ਹੁੰਦਾ ਹੈ। ਸਾਰੇ ਟੀ ਬੀ ਰੋਗਾਣੂਆਂ ਨੂੰ ਮਾਰਨ ਲਈ ਤੁਹਾਨੂੰ ਇਹ ਦਵਾਈ 2 ਜਾਂ ਇਸ ਤੋਂ ਵਧ ਸਮੇਂ ਲਈ ਖਾਣੀ ਪਏਗੀ। ਇਹ ਫ਼ੈਸਲਾ ਤੁਹਾਡਾ ਡਾਕਟਰ ਕਰੇਗਾ ਕਿ ਤੁਸਾਂ ਇਹ ਦਵਾਈ ਠੀਕ ਕਿੰਨੇ ਮਹੀਨੇ ਲੈਣੀ ਹੇ।

### ਇਹ ਦਵਾਈ ਮੈਂ ਕਿਵੇਂ ਲਵਾਂ?

- ਇਹ ਬਹੁਤ ਮਹਤਵਪੂਰਣ ਹੈ ਕਿ ਇਹ ਦਵਾਈ ਤੁਸੀਂ ਹਰ ਰੋਜ਼ **ਜਾਂ** ਜਿਵੇਂ ਤੁਹਾਡੇ ਡਾਕਟਰ ਨੇ ਹਦਾਇਤ ਕੀਤੀ ਹੋਵੇ, ਉਸ ਅਨੁਸਾਰ ਲਵੋ।
- **ਜੇ ਤੁਸੀਂ ਇਹ ਦਵਾਈ ਖਾਣੀ ਬੰਦ ਕਰ ਦਿਓ ਤਾਂ ਆਪਣੇ** ਡਾਕਟਰ ਨੂੰ ਉਸੇ ਵੇਲੇ ਦਸੋ
- ਜੇ ਤੁਸੀਂ ਇਸਦੀ ਕੋਈ ਖੁਰਾਕ ਖੁੰਝਾ ਬੈਠੇ ਹੋਵੋ ਤਾਂ ਚੇਤੇ ਆਉਂਦਿਆਂ ਹੀ ਖਾ ਲਓ ਪਰ ਇਕੋ ਵੇਲੇ ਦੋ ਖੁਰਾਕਾਂ ਕਦੇ ਨਾ ਖਾਓ
- ਦਵਾਈ ਖਾਲੀ ਪੇਟ ਲੈਣ ਦੀ ਕੋਸ਼ਸ਼ ਕਰੋ, ਜੇ ਇਸ ਨਾਲ ਪੇਟ ਵਿਚ ਖਰਾਬੀ ਪੈਦਾ ਹੋਵੇ ਤਾਂ ਭੋਜਨ ਨਾਲ ਲਵੋ
- ਆਪਣੇ ਡਾਕਟਰ ਨੂੰ ਇਹ ਦਸਣਾ ਨਾ ਭੁਲੋ ਕਿ ਤੁਸੀਂ ਹੋਰ ਕਿਹੜੀਆਂ ਦਵਾਈਆਂ ਖਾ ਰਹੇ ਹੋ ਜਾਂ ਕਿਹੜੀਆਂ ਦਵਾਈਆਂ ਲੈਣੀਆਂ ਸ਼ੁਰੂ ਕੀਤੀਆਂ ਹਨ
- ਜੇ ਤੁਸੀਂ ਗਰਭਵਤੀ ਹੋ ਜਾਂ ਆਪਣਾ ਦੁੱਧ ਚੁੰਘਾ ਰਹੇ ਹੋ ਤਾਂ ਦਵਾਈ ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨੂੰ ਦਸੋ
- ਪੀ ਜ਼ੈਡ ਏ ਨੂੰ ਠੰਡੀ ਤੇ ਖੁਸ਼ਕ ਥਾਂ ਉੱਤੇ ਰਖੋ

ਇਹ ਦਵਾਈ ਖਾਂਦਿਆਂ ਸ਼ਰਾਬ **ਨਾ** ਪੀਓ । ਤੁਸੀਂ ਆਪਣਾ ਜਿਗਰ ਖਰਾਬ ਕਰ ਬੈਠੋਗੇ।

ਬਹੁਤੇ ਲੋਕ ਇਹ ਦਵਾਈ ਕੇਵਲ ਇਲਾਜ ਦੇ ਪਹਿਲੇ ਦੋ ਮਹੀਨੇ ਹੀ ਲੈਂਦੇ ਹਨ। ਇਸ ਸਮੇਂ ਵਿਚ ਇਹ ਦਵਾਈ ਆਪਣੇ ਡਾਕਟਰ ਦੇ ਲਿਖੇ ਨੁਸਖ਼ੇ ਉੱਤੇ ਨਿਰਭਰ ਕਰਦਿਆਂ ਦਿਨ ਵਿਚ ਇਕ ਦੋ ਜਾਂ ਤਿੰਨ ਵਾਰ ਲੈਣੀ ਪਏਗੀ।

### ਅਜਿਹੇ ਕਿਹੜੇ ਲਗਵੇਂ ਅਸਰ ਹਨ ਜਿਨ੍ਹਾਂ ਤੋਂ ਮੈਂ ਸੁਚੇਤ ਰਹਾਂ?

- ਬਹੁਤੇ ਲੋਕਾਂ ਨੂੰ ਪੀ ਜ਼ੈਡ ਏ ਲੈਂਦਿਆਂ ਕੋਈ ਸਮਸਿਆ ਪੈਦਾ ਨਹੀਂ ਹੁੰਦੀ
- ਪੀ ਜ਼ੈਡ ਏ ਲੈਂਦੇ ਸਮੇਂ ਤੁਹਾਨੂੰ ਬਾਕਾਇਦਗੀ ਨਾਲ ਡਾਕਟਰ ਦੀ ਨਿਗਰਾਨੀ ਹੇਠ ਰਹਿਣਾ ਪਏਗਾ
- **ਕੁਝ ਆਮ ਲਗਵੇਂ ਅਸਰ ਹਨ:**
  - ਪੇਟ ਦੀ ਖਰਾਬੀ/ਭੁਖ ਨਾ ਲਗਣਾ
    ਜੋੜਾਂ ਦਾ ਸੁਜ ਜਾਣਾ ਜਾਂ ਦਰਦ ਕਰਨਾ
  - ਜਿਸਮ ਉੱਤੇ ਧੱਫੜ
  - ਧੁਪ ਨਾ ਸਹਾਰ ਸਕਣਾ
- **ਜੇ ਤੁਹਾਨੂੰ ਹੇਠ ਲਿਖੇ ਵਧੇਰੇ ਗੰਭੀਰ ਲਗਵੇਂ ਅਸਰਾਂ ਵਿਚੋਂ** ਕਿਸੇ ਦੀ ਅਲਾਮਤ ਦਿਸੇ ਤਾਂ ਦਵਾਈ ਲੈਣਾ ਬੰਦ ਕਰ ਦਿਓ ਤੇ ਆਪਣੇ ਡਾਕਟਰ ਨੂੰ ਦਸੋ
  - ਹੰਭੇ ਹੋਏ ਹੋਣ ਦਾ/ਥਕੇਵੇਂ ਦਾ ਅਹਿਸਾਸ
  - ਜੀਅ ਕੱਚਾ ਹੋਣਾ/ਉਲਟੀਆਂ
  - ਪੇਟ ਵਿਚ ਮਰੋੜ
  - ਭੁਖ ਨਾ ਲਗਣਾ
  - ਸਰੀਰ ਉੱਤੇ ਜਾਂ ਅੱਖਾਂ ਵਿਚ ਪਿਲੱਤਣ
  - ਗੂਹੜੇ ਰੰਗ ਦਾ ਪੇਸ਼ਾਬ
  - ਤਿੰਨ ਦਿਨਾਂ ਜਾਂ ਵਧ ਸਮੇਂ ਤੋਂ ਬੁਖਾਰ

### ਟੀ ਬੀ ਦੀ ਦਵਾਈ ਲੈਣ ਬਾਰੇ ਕੁਝ ਇਸ਼ਾਰੇ

- ਦਵਾਈ ਹਰ ਰੋਜ਼ ਨਿਸਚਿਤ ਸਮੇਂ ਤੇ ਲਵੋ, ਮਿਸਾਲ ਵਜੋਂ
  - ਸੌਣ ਤੋਂ ਪਹਿਲਾਂ
  - ਜਾਗਦੇ ਸਾਰ
- ਗੋਲੀਆਂ ਦੀ ਹਫ਼ਤਾਵਾਰ ਡੱਬੀ ਰਖੋ
- ਗੋਲੀਆਂ ਖਾਣ ਸਾਰ ਕਲੰਡਰ ਤੇ ਨਿਸ਼ਾਨੀ ਲਾਓ
- ਟਬਰ ਦੇ ਜੀਆਂ ਜਾਂ ਮਿਤਰ ਨੂੰ ਚੇਤਾ ਕਰਾਉਣ ਲਈ ਕਹੋ
- ਡਾਇਰੈਕਟਲੀ ਔਬਜ਼ਰਵਡ ਥੈਰਪੀ (DOT) ਅਪਨਾਉਣ ਦਾ ਵਿਚਾਰ ਬਣਾਓ

ਜੇ ਤੁਸੀਂ ਆਪਣੀਆਂ ਦਵਾਈਆਂ ਜਾਂ ਟੀ ਬੀ ਬਾਰੇ ਕੋਈ ਪ੍ਰਸ਼ਨ ਪੁਛਣਾ ਚਾਹੋ ਤਾਂ ਆਪਣੇ ਡਾਕਟਰ ਨਾਲ ਗਲ ਕਰੋ ਜਾਂ ਟੋਰਾਂਟੋ ਪਬਲਿਕ ਹੈਲਥ ਨੂੰ **416-338-7600** ਤੇ ਫ਼ੋਨ ਕਰੋ

E-mail: **targettb@toronto.ca**
Web Site: **www.toronto.ca/health/tb_prevention**

TORONTO Public Health



September 2011
PH1109SS212PPunj